## ਗੁਪਤਤਾ

ਏ ਸੀ ਐਸ ਦੇ ਪ੍ਰੋਗਰਾਮ ਅਤੇ ਸਟਾਫ ਗੁਪਤਤਾ ਨਾਲ ਸੰਬੰਧਤ ਸਾਰੇ ਸਰਕਾਰੀ ਕਾਨੂੰਨਾਂ ਦਾ ਪਾਲਣ ਕਰਦੇ ਹਨ। ਜਾਣਕਾਰੀ ਹੇਠ ਲਿਖੇ ਕਾਰਨਾਂ ਲਈ ਇਕੱਤਰ ਕੀਤੀ ਜਾਂਦੀ ਹੈ:

- ਸੇਵਾਵਾਂ ਲਈ ਤੁਹਾਡੀ ਲੋੜ
- ਹਵਾਲੇ ਦੇਣੇ
- ਸੇਵਾਵਾਂ ਦੀ ਯੋਜਨਾ ਬਣਾਉਣੀ
- ਤੁਹਾਡੀ ਤਰੱਕੀ
- ਫਾਲੋ-ਅੱਪ
- ਆਪਣੀਆਂ ਸੇਵਾਵਾਂ ਵਿੱਚ ਸੁਧਾਰ ਕਰਨਾ

ਜੇਕਰ ਭੇਤਦਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਕ੍ਰਿਪਾ ਕਰਕੇ ਏ ਸੀ ਐਸ ਦੇ ਪ੍ਰਾਇਵੇਸੀ ਆਫੀਸਰ ਨਾਲ 604-859-7681
(ਲੋਕਲ 238) ਤੇ ਸੰਪਰਕ ਕਰੋ।

## ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨੀ

ਏ ਸੀ ਐਸ ਵੱਲੋਂ ਇਕੱਤਰ ਕੀਤੀ ਜਾਂਦੀ ਬਹੁਤੀ ਜਾਣਕਾਰੀ ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ (ਪੀ ਆਈ ਪੀ ਏ) ਹੇਠ ਆਉਂਦੀ ਹੈ। ਪਰ ਸਾਡੇ ਕੁਝ ਪ੍ਰੋਗਰਾਮਾਂ ਦੀ ਸ਼ਰਤ ਹੈ ਕਿ ਸਾਡੇ ਵੱਲੋਂ ਇਕੱਤਰ ਕੀਤੀ ਜਾਂਦੀ ਜਾਣਕਾਰੀ ਨੂੰ ਕੇਵਲ ਪ੍ਰੋਗਰਾਮ ਨੂੰ ਫੰਡ ਦੇਣ ਵਾਲਾ ਹੀ ਦੇ ਸਕਦਾ ਹੈ ਅਤੇ ਉਸ ਉੱਪਰ ਫਰੀਡਮ ਆਫ ਇਨਫਰਮੇਸ਼ਨ ਐਂਡ ਦ ਪ੍ਰੋਟੈਕਸ਼ਨ ਆਫ ਪ੍ਰਾਇਵੇਸੀ ਐਕਟ (ਐਫ ਆਈ ਪੀ ਪੀ ਏ) ਲਾਗੂ ਹੁੰਦਾ ਹੈ।

ਤੁਹਾਨੂੰ ਏ ਸੀ ਐਸ ਵਿਖੇ ਤੁਹਾਡੇ ਨਾਲ ਸੰਬੰਧਤ ਬਹੁਤੀ ਜਾਣਕਾਰੀ ਲੈਣ ਦਾ ਹੱਕ ਹਾਸਲ ਹੈ। ਇਸ ਮਕਸਦ ਲਈ ਤੁਹਾਨੂੰ ਏਜੰਸੀ ਨੂੰ ਐਕਸੈੱਸ ਟੂ ਇਨਫਰਮੇਸ਼ਨ ਬੇਨਤੀ ਲਾਜ਼ਮੀ ਤੌਰ ਤੇ ਕਰਨੀ ਪਵੇਗੀ। ਏ ਸੀ ਐਸ ਦਾ ਪ੍ਰਾਇਵੇਸੀ ਆਫੀਸਰ ਤੁਹਾਡੀ ਬੇਨਤੀ ਤੇ ਕਾਰਵਾਈ ਕਰੇਗਾ ਅਤੇ ਤੁਹਾਡੇ ਵੱਲੋਂ ਮੰਗੀ ਗਈ ਜਾਣਕਾਰੀ ਇਕੱਤਰ ਕਰੇਗਾ। ਜਿਹੜੀ ਜਾਣਕਾਰੀ ਲਈ ਤੁਸੀਂ ਬੇਨਤੀ ਕੀਤੀ ਹੈ ਉਸਨੂੰ ਇਕੱਤਰ ਕਰਨ, ਚੁਣਨ ਅਤੇ ਛਾਪਣ ਲਈ ਤੁਹਾਨੂੰ ਫੀਸ ਦੇਣੀ ਪੈ ਸਕਦੀ ਹੈ।

## ਸ਼ਿਕਾਇਤ ਦਾ ਤਰੀਕਾ

ਜੇਕਰ ਤੁਸੀਂ ਸਾਡੀਆਂ ਸੇਵਾਵਾਂ ਤੋਂ ਨਾਖੁਸ਼ ਹੋ ਤਾਂ ਅਸੀਂ ਇਸ ਬਾਰੇ ਜਾਣਨਾ ਚਾਹਾਂਗੇ। ਅਸੀਂ ਤੁਹਾਡੇ ਸਵਾਲਾਂ ਨੂੰ ਹੱਲ ਕਰਾਂਗੇ ਅਤੇ ਤੁਹਾਨੂੰ ਉਹੀ ਜਾਂ ਉਸਤੋਂ ਬਿਹਤਰ ਸੇਵਾ ਦਿੰਦੇ ਰਹਾਂਗੇ। ਸਵਾਲਾਂ ਨਾਲ ਨਜਿੱਠਣ ਦੇ ਦੋ ਤਰੀਕੇ ਹਨ:
ਗੈਰ-ਰਸਮੀ ਅਤੇ ਰਸਮੀ।

ਗੈਰ-ਰਸਮੀ- ਆਪਣੇ ਸਵਾਲ ਆਪਣੇ ਵਰਕਰ ਜਾਂ ਪ੍ਰੋਗਰਾਮ ਸੁਪਰਵਾਈਜ਼ਰ ਨਾਲ ਸਾਂਝੇ ਕਰੋ।
ਰਸਮੀ- ਜੇਕਰ ਗੈਰ-ਰਸਮੀ ਤਰੀਕਾ ਕਾਮਯਾਬ ਨਹੀਂ ਹੁੰਦਾ ਤਾਂ ਸ਼ਿਕਾਇਤ ਫਾਰਮ ਅਤੇ ਗਾਈਡਲਾਈਨਾਂ ਲੈਣ ਲਈ ਪ੍ਰੋਗਰਾਮ ਜਾਂ ਮੁੱਖ ਦਫਤਰ ਦੀ ਰਿਸੈਪਸ਼ਨ ਨੂੰ ਇਸ ਪਤੇ ਤੇ ਬੇਨਤੀ ਕਰੋ:

ਐਬਟਸਫੋਰਡ ਕਮਿਉਨਿਟੀ ਸਰਵਿਸਜ਼
2420 ਮੌਨਟਰੋਜ਼ ਐਵਨਿਊ
ਐਬਟਸਫੋਰਡ, ਬੀ.ਸੀ. V2S 3S9
604-859-7681 hello@archway.ca

## ਦਫਤਰੀ ਸਮੇਂ ਤੋਂ ਬਾਅਦ ਕਰਾਈਸਿਸ ਸਪੋਰਟ

ਜੇਕਰ ਤੁਸੀਂ ਸੰਕਟ ਵਿੱਚ ਹੋ ਅਤੇ ਤੁਹਾਨੂੰ ਜਜ਼ਬਾਤੀ ਸਹਾਇਤਾ ਦੀ ਲੋੜ ਹੈ ਤਾਂ ਕ੍ਰਿਪਾ ਕਰਕੇ ਆਪਣੇ ਵਰਕਰ ਨੂੰ ਦੱਸੋ। ਜੇਕਰ ਸੰਕਟਮਈ ਹਾਲਤ ਬਾਅਦ ਦੁਪਹਿਰ 4:30 ਤੋਂ ਮਗਰੋਂ ਜਾਂ ਵੀਕਐਂਡ ਤੇ ਵਾਪਰਦੀ ਹੈ ਤਾਂ ਕ੍ਰਿਪਾ ਕਰਕੇ ਆਪਣੀ ਸਥਾਨਕ ਕਰਾਈਸਿਸ ਲਾਈਨ ਤੇ ਫੋਨ ਕਰੋ।

ਮੱਦਦ ਲਈ ਸਿਰਫ ਇੱਕ ਫੋਨ ਕਾਲ ਦੀ ਲੋੜ ਹੈ- ਦਿਨ ਦੇ 24 ਘੰਟੇ- ਹਰ ਰੋਜ਼।

**ਫਰੇਜ਼ਰ ਹੈਲਥ ਕਰਾਈਸਿਸ ਲਾਈਨ- ਟੋਲ ਫਰੀ: 1.877.820.7444**
**ਕਿਡਜ਼ ਹੈਲਪ ਫੋਨ- ਟੋਲ ਫਰੀ: 1.800.668.6868**
**ਬੀਸੀ ਸੁਈਸਾਈਡ ਕਰਾਈਸਿਸ ਹੌਟ ਲਾਈਨ- ਟੋਲ ਫਰੀ: 1.800.784.2433**
**ਵਿਕਟਮ ਲਿੰਕ ਬੀਸੀ- ਟੋਲ ਫਰੀ: 1.800.563.0808**

## ਸਾਡਾ ਸੁਪਨਾ

ਹਰੇਕ ਲਈ ਇਨਸਾਫ, ਮੌਕੇ ਅਤੇ ਬਰਾਬਰ ਦੀ ਪਹੁੰਚ

## ਸਾਡਾ ਉਦੇਸ਼

ਐਬਟਸਫੋਰਡ ਕਮਿਉਨਿਟੀ ਸਰਵਿਸਜ਼ ਇੱਕ ਅਜੇਹੀ ਏਜੰਸੀ ਸਾਬਤ ਹੋਣ ਲਈ ਯਤਨਸ਼ੀਲ ਹੈ ਜਿਹੜੀ ਉਸਾਰੂ ਕੰਮ-ਕਾਜ ਅਤੇ ਅਗਵਾਈ ਰਾਹੀਂ ਭਾਈਚਾਰੇ ਦੀ ਭਲਾਈ ਅਤੇ ਸਮਾਜਕ ਨਿਆਂ ਨੂੰ ਉਤਸ਼ਾਹਿਤ ਕਰਦੀ ਹੈ।

## ਵੰਨ-ਸੁਵੰਨਤਾ ਬਾਰੇ ਬਿਆਨ

ਅਸੀਂ ਬੱਚੇ, ਨੌਜਵਾਨ, ਬਾਲਗ ਅਤੇ ਬਜ਼ੁਰਗ ਹਾਂ।
ਅਸੀਂ ਸਾਰੀਆਂ ਜਾਤੀਆਂ, ਧਰਮਾਂ, ਸਾਰੇ ਸੱਭਿਆਚਾਰਾਂ, ਸਾਰੀਆਂ ਯੋਗਤਾਵਾਂ, ਸਾਰੇ ਕਾਮੁਕ ਝੁਕਾਵਾਂ, ਸਾਰੇ ਲਿੰਗਾਂ ਅਤੇ ਸਾਰੇ ਆਰਥਿਕ ਪੱਧਰਾਂ ਨਾਲ ਸੰਬੰਧਤ ਹਾਂ।
ਅਸੀਂ ਕਈ ਭਾਸ਼ਾਵਾਂ ਬੋਲਦੇ ਹਾਂ।
ਅਸੀਂ ਵੰਨ-ਸੁਵੰਨਤਾ ਨੂੰ ਵਡਮੁੱਲਾ ਸਮਝਦੇ ਹਾਂ।
ਅਸੀਂ ਇਸ ਵੰਨ-ਸੁਵੰਨਤਾ ਨੂੰ ਆਪਣੇ ਵਾਲੰਟੀਅਰਾਂ, ਬੋਰਡ ਅਤੇ ਸਟਾਫ ਮੈਂਬਰਾਂ ਰਾਹੀਂ ਦਰਸਾਉਣ ਦਾ ਯਤਨ ਕਰਦੇ ਹਾਂ।
ਅਸੀਂ ਆਪਣੇ ਸਾਰੇ ਗੁਆਂਢੀਆਂ ਅਤੇ ਕਲਾਇਟਾਂ ਦਾ ਸਤਿਕਾਰ ਕਰਦੇ ਹਾਂ ਅਤੇ ਜੋ ਕੁੱਝ ਵੀ ਅਸੀਂ ਕਰਦੇ ਹਾਂ ਉਸਦੇ ਰਾਹੀਂ ਉਹਨਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੇ ਹਾਂ।
ਅਸੀਂ ਹਰ ਕਿਸਮਾਂ ਦੇ ਪਰਿਵਾਰਾਂ ਨੂੰ ਅਪਣਾਉਂਦੇ ਹਾਂ।
ਇਸ ਕਰਕੇ ਅਸੀਂ ਆਪਣੀ ਏਜੰਸੀ ਅਤੇ ਆਪਣੇ ਭਾਈਚਾਰੇ ਵਿੱਚ ਸਭ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਾਂਗੇ।

# ਕਲਾਇੰਟ ਦੇ ਹੱਕ ਅਤੇ ਫਰਜ਼

Archway Community Services

ਮੌਨਟਰੋਜ਼ ਐਵਨਿਊ
ਐਬਟਸਫੋਰਡ, ਬੀ.ਸੀ. V2S 3S9
604.859.7681 | hello@archway.ca

**Archway.ca**

(Punjabi Version)

## ਐਬਟਸਫੋਰਡ ਕਮਿਉਨਿਟੀ ਸਰਵਿਸਜ਼ ਵਿਖੇ ਤੁਹਾਡਾ ਸਵਾਗਤ ਹੈ

ਏ ਸੀ ਐਸ ਤੋਂ ਸੇਵਾਵਾਂ ਲੈਣ ਬਾਰੇ ਤੁਹਾਨੂੰ ਹੇਠ ਲਿਖੀਆਂ ਜ਼ਰੂਰੀ ਗੱਲਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

## ਤੁਹਾਨੂੰ ਇਹ ਹੱਕ ਹਾਸਲ ਹੈ ਕਿ:

1. ਤੁਹਾਡੇ ਨਾਲ ਨਿਮਰਤਾ ਅਤੇ ਆਦਰ ਮਾਣ ਨਾਲ ਸਲੂਕ ਕੀਤਾ ਜਾਵੇ, ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਕਿ ਤੁਹਾਡੀ ਜਾਤੀ, ਨਸਲੀ ਪਿਛੋਕੜ, ਲਿੰਗ, ਕਾਮੁਕ ਝੁਕਾਅ, ਪਰਿਵਾਰ, ਧਰਮ, ਉਮਰ ਜਾਂ ਕਾਬਲੀਅਤ ਕੀ ਹੈ।

2. ਤੁਹਾਨੂੰ ਆਪਣੀ ਖੁਦ ਦੀ ਜ਼ਿੰਦਗੀ ਦੇ ਤਜਰਬੇ ਦਾ ਮਾਹਿਰ ਸਮਝਿਆ ਜਾਵੇ। ਇਹ ਵੇਖਣ ਲਈ ਅਸੀਂ:
   - ਤੁਹਾਡੇ ਕੋਲੋਂ ਤੁਹਾਡੀ ਸੇਵਾਵਾਂ ਦੀ ਲੋੜ ਬਾਰੇ ਜਾਣਕਾਰੀ ਇਕੱਠੀ ਕਰਾਂਗੇ;
   - ਸੇਵਾਵਾਂ ਦੀ ਯੋਜਨਾ ਬਣਾਉਣ, ਟੀਚੇ ਤੈਅ ਕਰਨ, ਅਤੇ ਉਹਨਾਂ ਤੇ ਬਾਕਾਇਦਾ ਮੁੜ ਗੌਰ ਕਰਨ ਸਮੇਂ ਤੁਹਾਨੂੰ ਸ਼ਾਮਲ ਕਰਾਂਗੇ;
   - ਦਿੱਤੀਆਂ ਗਈਆਂ ਕੁੱਝ ਜਾਂ ਸਾਰੀਆਂ ਸੇਵਾਵਾਂ ਵਿੱਚ ਭਾਗ ਲੈਣ ਜਾਂ ਨਾ ਲੈਣ ਦੇ ਤੁਹਾਡੇ ਫੈਸਲੇ ਨੂੰ ਸਵੀਕਾਰ ਕਰਾਂਗੇ (ਜੇਕਰ ਇਹ ਸੇਵਾਵਾਂ ਕਿਸੇ ਅਦਾਲਤੀ ਫੈਸਲੇ ਅਧੀਨ ਲੋੜੀਂਦੀਆਂ ਨਾ ਹੋਣ);
   - ਇਹ ਫੈਸਲਾ ਕਰਨ 'ਚ ਤੁਹਾਨੂੰ ਸ਼ਾਮਲ ਕਰਾਂਗੇ ਕਿ ਸੇਵਾਵਾਂ ਕਦੋਂ ਬੰਦ ਹੋਣਗੀਆਂ ਜਾਂ ਉਹਨਾਂ ਦਾ ਫਾਲੋ-ਅੱਪ ਉਲੀਕਣ ਵਿੱਚ।
   - ਸੇਵਾਵਾਂ ਲੈਂਦੇ ਸਮੇਂ ਜਾਂ ਬਾਅਦ ਵਿੱਚ ਉਹਨਾਂ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਵਿਚਾਰਾਂ ਦਾ ਸਵਾਗਤ ਕਰਾਂਗੇ।

3. ਤੁਸੀਂ ਆਪਣੀ ਫਾਈਲ ਵਿਚਲੀ ਨਿੱਜੀ ਜਾਣਕਾਰੀ ਵੇਖ ਸਕੋ, ਆਪਣੇ ਪ੍ਰੋਗਰਾਮ ਸੁ-ਪਰਵਾਈਜ਼ਰ ਨਾਲ ਮੁਲਾਕਾਤ ਕਰਕੇ ਜਾਂ ਜਾਣਕਾਰੀ ਹਾਸਲ ਕਰਨ ਲਈ ਅਰਜ਼ੀ ਦੇ ਕੇ।

4. ਸ਼ੁਰੂ ਕਰਨ ਤੋਂ ਪਹਿਲਾਂ ਸੇਵਾਵਾਂ ਬਾਰੇ ਜਾਣਕਾਰੀ ਲੈਣੀ।

5. ਜੇਕਰ ਸੇਵਾਵਾਂ ਲਈ ਕੋਈ ਫੀਸ ਹੋਈ ਤਾਂ ਇਸ ਬਾਰੇ ਸੇਵਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਦੱਸਿਆ ਜਾਵੇ।

6. ਤੁਹਾਨੂੰ ਮਿਲੀਆਂ ਜਾਂ ਨਾ ਮਿਲੀਆਂ ਸੇਵਾਵਾਂ ਬਾਰੇ ਆਪਣੇ ਸਵਾਲ ਦੱਸ ਸਕੋ। ਜੇਕਰ ਤੁਸੀਂ ਸੇਵਾਵਾਂ ਜਾਂ ਸੇਵਾਵਾਂ ਦੇਣ ਵਾਲੇ ਵਰਕਰ ਤੋਂ ਖੁਸ਼ ਨਹੀਂ ਹੋ ਤਾਂ ਕ੍ਰਿਪਾ ਕਰਕੇ ਸਾਨੂੰ ਦੱਸੋ।

7. ਭੇਤਦਾਰੀ, ਸਿਵਾਏ ਇਸ ਕਿਤਾਬਚੇ ਵਿੱਚ ਦਰਜ ਕਾਨੂੰਨੀ ਅਤੇ ਨੈਤਿਕ ਸੀਮਾਵਾਂ ਦੇ।

8. ਚੰਗੀ ਸੇਵਾ ਲੈਣ ਵਿੱਚ ਤੁਹਾਡੀ ਮੱਦਦ ਕਰਨ ਲਈ ਅਸੀਂ ਜਾਣਕਾਰੀ ਸਾਂਝੀ ਕਰ ਸਕੀਏ।

9. ਤੁਸੀਂ ਸਰੀਰਕ ਤੌਰ ਤੇ ਸੁਰੱਖਿਆ ਰਹੋ। ਏ ਸੀ ਐਸ ਦੇ ਪ੍ਰੋਗਰਾਮਾਂ ਵਿੱਚ ਕਿਸੇ ਨੂੰ ਇਕਾਂਤ ਵਿੱਚ ਜਾਂ ਪਾਬੰਦੀ ਹੇਠ ਰੱਖਣ ਦੀ ਆਗਿਆ ਹਰਗਿਜ਼ ਨਹੀਂ ਦਿੱਤੀ ਜਾਂਦੀ।

## ਭੇਤਦਾਰੀ ਦੀਆਂ ਸੀਮਾਵਾਂ

- ਬੱਚੇ ਨਾਲ ਮਾੜੇ ਵਿਵਹਾਰ ਜਾਂ ਅਣਗਹਿਲੀ ਦੀ ਸੰਭਾਵਨਾ ਬਾਰੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਐਮ ਸੀ ਐਫ ਡੀ) ਨੂੰ ਸੂਚਿਤ ਕਰਨਾ ਲਾਜ਼ਮੀ ਹੈ।
- ਤੁਹਾਨੂੰ ਆਪ ਜਾਂ ਹੋਰਨਾਂ ਨੂੰ ਖਤਰਾ (ਮਿਸਾਲ ਦੇ ਤੌਰ ਤੇ, ਆਤਮ ਹੱਤਿਆ ਦਾ ਡਰ, ਧਮਕੀਆਂ ਦੇਣਾ ਜਾਂ ਸ਼ਰਾਬ ਜਾਂ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣੀ)।
- ਰਿਕਾਰਡ ਜਾਰੀ ਕਰਨ ਲਈ ਅਦਾਲਤੀ ਹੁਕਮ; ਜੇ ਤੁਸੀਂ ਕੰਮ ਨਾਲ ਸੰਬੰਧਤ ਕਿਸੇ ਸੱਟ ਬਾਰੇ ਕਲੇਮ ਦਾਇਰ ਕੀਤਾ ਹੈ ਤਾਂ ਵਰਕ ਸੇਫ ਬੀ ਸੀ (ਡਬਲਿਊ ਸੀ ਬੀ) ਜਾਣਕਾਰੀ ਲੈ ਸਕਦਾ ਹੈ।
- ਲੋੜ ਪੈਣ ਤੇ ਅਦਾਲਤ ਵਿੱਚ ਗਵਾਹੀ ਦੇਣੀ।

ਲੋੜ ਪੈਣ ਤੇ ਇਹਨਾਂ ਵਿਅਕਤੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਜੋ ਚੰਗੀ ਸੇਵਾ ਯਕੀਨੀ ਬਣਾਈ ਜਾ ਸਕੇ:

- ਪ੍ਰੋਗਰਾਮ ਸੁਪਰਵਾਈਜ਼ਰ
- ਪ੍ਰੋਗਰਾਮ ਵਿੱਚ ਸ਼ਾਮਲ ਹੋਰ ਵਰਕਰ
- ਰੈਫਰਲ ਅਤੇ ਸੇਵਾਵਾਂ ਦੇ ਤਾਲਮੇਲ ਲਈ "ਜਾਣਨ ਦੀ ਲੋੜ ਦੇ ਆਧਾਰ ਤੇ" ਏ ਸੀ ਐਸ ਦੇ ਹੋਰ ਪ੍ਰੋਗਰਾਮ
- ਫੰਡ ਦੇਣ ਵਾਲੇ
- ਰੈਫਰਲ ਦੇਣ ਵਾਲੇ ਪੇਸ਼ਾਵਰ ਮਾਹਿਰ
- ਕੁਆਲਿਟੀ ਸੇਵਾਵਾਂ ਲਈ ਅੰਦਰੂਨੀ ਅਤੇ ਬਾਹਰੀ ਪ੍ਰੋਫੈਸ਼ਨਲ ਰਵਿਊ

ਇਹ ਸਾਰੇ ਲੋਕ ਤੁਹਾਡੀ ਭੇਤਦਾਰੀ ਨੂੰ ਸੁਰੱਖਿਅਤ ਰੱਖਣ ਲਈ ਪੇਸ਼ਾਵਰ ਜ਼ਾਬਤਾ ਕੋਡ ਦਾ ਪਾਲਣ ਕਰਦੇ ਹਨ।

ਜੇਕਰ ਤੁਹਾਡੀ ਉਮਰ 13 ਸਾਲ ਤੋਂ ਘੱਟ ਹੈ ਤਾਂ ਤੁਹਾਡੇ ਮਾਤਾ-ਪਿਤਾ ਜਾਂ ਕਾਨੂੰਨੀ ਗਾਰਡੀਅਨ ਨੂੰ ਸੇਵਾਵਾਂ ਲਈ ਸਹਿਮਤੀ ਦੇਣੀ ਪਵੇਗੀ ਅਤੇ ਉਹਨਾਂ ਨੂੰ ਤੁਹਾਡੀ ਤਰਫ ਤੋਂ ਤੁਹਾਡੀ ਫਾਈਲ ਵਿਚਲੀ ਜਾਣਕਾਰੀ ਲੈਣ ਦਾ ਹੱਕ ਹੋਵੇਗਾ।

ਜੇਕਰ ਤੁਹਾਡੇ ਭਾਗ ਲੈਣ ਵਾਲੇ ਪ੍ਰੋਗਰਾਮ ਦੇ ਸੰਬੰਧ ਵਿੱਚ ਭੇਤਦਾਰੀ ਦੀਆਂ ਹੋਰ ਸੀਮਾਵਾਂ ਹੋਣ ਤਾਂ ਤੁਹਾਡਾ ਵਰਕਰ ਇਹਨਾਂ ਬਾਰੇ ਤੁਹਾਨੂੰ ਦੱਸੇਗਾ।

## ਤੁਹਾਡੀ ਇਹ ਜ਼ਿੰਮੇਵਾਰੀ ਹੈ ਕਿ ਤੁਸੀਂ:

1. ਪੁੱਛੇ ਜਾਣ ਤੇ ਸਹੀ ਜਾਣਕਾਰੀ ਦੇਵੋ ਤਾਂ ਜੋ ਏ ਸੀ ਐਸ ਵਰਕਰ ਤੁਹਾਡੀਆਂ ਸੇਵ-ਾਵਾਂ ਦੀ ਯੋਜਨਾ ਬਣਾ ਸਕਣ।
2. ਸਟਾਫ ਨੂੰ ਦੱਸੋ ਕਿ ਤੁਹਾਨੂੰ ਕੋਈ ਡਾਕਟਰੀ ਨੁਕਸ, ਅਪੰਗਤਾ, ਰੁਕਾਵਟਾਂ ਜਾਂ ਸੱਭਿਆਚਾਰਕ ਲੋੜਾਂ ਹਨ ਜਾਂ ਹੋਰ ਕੋਈ ਅਜੇਹੀ ਚੀਜ਼ ਜਿਹੜੀ ਅਸੀਂ ਤੁਹਾਨੂੰ ਬਿਹਤਰ ਸੇਵਾਵਾਂ ਦੇਣ ਲਈ ਕਰ ਸਕਦੇ ਹੋਈਏ।
3. ਦੂਜੇ ਲੋਕਾਂ ਨਾਲ ਨਿਰਪੱਖਤਾ, ਇਮਾਨਦਾਰੀ ਅਤੇ ਆਦਰ ਨਾਲ ਵਰਤਾਓ ਕਰੋ, ਸਮੇਤ ਇਹਨਾਂ ਗੱਲਾਂ ਦੇ:
   - ਆਪਣੇ ਸੰਪਰਕ ਵਿੱਚ ਆਉਣ ਵਾਲੇ ਹੋਰ ਕਲਾਇਟਾਂ ਬਾਰੇ ਜਾਣਕਾਰੀ ਨੂੰ ਗੁਪਤ ਰੱਖੋ।
   - ਅਜੇਹੇ ਕੰਮ ਤੋਂ ਗੁਰੇਜ਼ ਕਰੋ ਜਿਸ ਨਾਲ ਹੋਰ ਕਲਾਇਟਾਂ, ਸਟਾਫ ਮੈਂਬਰਾਂ ਜਾਂ ਆਉਣ ਵਾਲੇ ਲੋਕਾਂ ਨੂੰ ਨੁਕਸਾਨ ਹੋ ਸਕਦਾ ਹੋਵੇ।
   - ਏ ਸੀ ਐਸ ਦੇ ਨਿਯਮਾਂ ਜਾਂ ਬੇਨਤੀਆਂ ਦੀ ਪਾਲਣਾ ਕਰੋ।
   - ਏ ਸੀ ਐਸ ਵਿੱਚ ਸ਼ਰਾਬ, ਨਸ਼ੀਲੀਆਂ ਵਸਤਾਂ ਜਾਂ ਹਥਿਆਰ ਲੈ ਕੇ ਨਾ ਆਓ।
   - ਜੇਕਰ ਤੁਹਾਨੂੰ ਦਵਾਈ ਲੈਣ ਦੀ ਲੋੜ ਹੋਵੇ ਤਾਂ ਉਹੀ ਦਵਾਈ ਲਿਆਓ ਜਿਹੜੀ ਉਸ ਦਿਨ ਤੁਹਾਨੂੰ ਚਾਹੀਦੀ ਹੈ।
   - ਤੰਬਾਕੂ ਦੀ ਵਰਤੋਂ ਕੇਵਲ ਉਸ ਥਾਂ 'ਤੇ ਕਰੋ ਜਿੱਥੇ ਇਸਦੀ ਆਗਿਆ ਹੈ।
4. ਜੇਕਰ ਤੁਸੀਂ ਕਿਸੇ ਮੁਲਾਕਾਤ ਸਮੇਂ ਹਾਜ਼ਰ ਨਹੀਂ ਹੋ ਸਕਦੇ ਜਾਂ ਦੇਰੀ ਨਾਲ ਆਓਗੇ ਤਾਂ ਆਪਣੇ ਵਰਕਰ ਜਾਂ ਹੋਰ ਸਟਾਫ ਨੂੰ ਦੱਸੋ।
5. ਜੇਕਰ ਤੁਹਾਡਾ ਪਤਾ, ਫੋਨ ਨੰਬਰ ਜਾਂ ਅਦਾਲਤੀ ਹੁਕਮ ਬਦਲ ਗਏ ਹਨ ਤਾਂ ਇਸ ਬਾਰੇ ਆਪਣੇ ਵਰਕਰ ਜਾਂ ਹੋਰ ਸਟਾਫ ਮੈਂਬਰ ਨੂੰ ਦੱਸੋ।
6. ਜੇਕਰ ਪ੍ਰੋਗਰਾਮ ਵਿੱਚ ਚਾਈਲਡ ਕੇਅਰ ਦਾ ਪ੍ਰਬੰਧ ਨਹੀਂ ਹੈ ਤਾਂ ਏ ਸੀ ਐਸ ਵਿਖੇ ਆਪਣੇ ਬੱਚਿਆਂ ਦੀ ਆਪ ਨਿਗਰਾਨੀ ਕਰੋ।
7. ਜੇਕਰ ਏ ਸੀ ਐਸ ਵਿਖੇ ਤੁਹਾਨੂੰ ਮਿਲ ਰਹੀਆਂ ਸੇਵਾਵਾਂ ਨੂੰ ਛੱਡਣ ਦਾ ਤੁਹਾਡਾ ਇਰਾਦਾ ਹੈ ਤਾਂ ਸਾਨੂੰ ਦੱਸੋ।
8. ਜੇਕਰ ਤੁਹਾਡੇ ਕੋਈ ਸਵਾਲ ਜਾਂ ਸ਼ਿਕਾਇਤਾਂ ਹੋਣ ਤਾਂ ਸਾਨੂੰ ਦੱਸੋ।

**ਜੇਕਰ ਤੁਸੀਂ ਇਹ ਜ਼ਿੰਮੇਵਾਰੀਆਂ ਪੂਰੀਆਂ ਨਾ ਕਰਦੇ ਹੋਵੋ ਤਾਂ ਤੁਹਾਨੂੰ ਅੱਗੇ ਨੂੰ ਸੇਵਾਵਾਂ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਜੇਕਰ ਅਜੇਹਾ ਹੁੰਦਾ ਹੈ ਤਾਂ ਪ੍ਰੋਗਰਾਮ ਵੱਲੋਂ ਤੁਹਾਨੂੰ ਦੱਸਿਆ ਜਾਵੇਗਾ ਕਿ ਕੀ ਦੁਬਾਰਾ ਪਹੁੰਚ ਪ੍ਰਾਪਤ ਕਰ ਸਕਣਾ ਸੰਭਵ ਹੋ ਸਕਦਾ ਹੈ ਜਾਂ ਨਹੀਂ।**